# INSTRUCTION FOR THE TYPING & SHORTHAND TEST

## ਪੰਜਾਬੀ ਸ਼ਾਰਟਹੈਂਡ

(ੳ) ਪੰਜਾਬੀ ਸ਼ਾਰਟਹੈਂਡ ਡਿਕਟੇਸ਼ਨ ਦੀ ਪ੍ਰੀਖਿਆ 100 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ, ਇਸ ਵਿਚ ਢਾਈ ਮਿੰਟ ਦੇ ਦੋ ਪੈਰੇ ਹੋਣਗੇ।

(ਅ) ਇਕ ਪੈਰ੍ਹੇ ਵਿਚ 250 ਸ਼ਬਦ ਹੋਣਗੇ। ਸੰਬਦ ਗਿਣਦੇ ਸਮੇਂ ਪੂਰਣ ਵਿਸ਼ਰਾਮ (1) ਅਤੇ ਪ੍ਰਸ਼ਨ ਚਿੰਨ (?) ਸ਼ਬਦ ਵਿੱਚ ਗਿਣੇ ਜਾਣਗੇ। ਬਾਕੀ ਦੇ ਵਿਸ਼ਰਾਮ-ਚਿੰਨਾਂ ਦੀ ਗਿਣਤੀ ਸ਼ਬਦਾਂ ਵਿਚ ਨਹੀਂ ਕੀਤੀ ਜਾਵੇਗੀ।

(ੲ) ਇਕ ਪੈਰ੍ਹਾ ਲਿਖਵਾਉਣ ਤੋਂ ਬਾਅਦ 2 ਮਿੰਟ ਦਾ ਵਿਸ਼ਰਾਮ ਦਿੱਤਾ ਜਾਵੇਗਾ।

(ਸ) ਟ੍ਰਾਂਸਕ੍ਰਿਪਸ਼ਨ ਲਈ ਸਮਾਂ 20 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਦੇ ਦਿੱਤਾ ਜਾਵੇਗਾ। (ਅਰਥਾਤ ਕੁੱਲ 25 ਮਿੰਟ ਦਿੱਤੇ ਜਾਣਗੇ)।

(ਹ) ਰਫਤਾਰ ਕੱਢਣ ਲਈ ਕੁੱਲ ਲਿਖਾਏ ਗਏ ਸ਼ਬਦਾਂ ਵਿਚੋਂ 8% ਗਲਤੀਆਂ ਮਾਫ਼ ਹੋਣਗੀਆਂ ਅਤੇ 8% ਤੋ ਵੱਧ ਗਲਤੀਆਂ ਕਰਨ ਵਾਲਾ ਫੇਲ੍ਹ ਸਮਝਿਆ ਜਾਵੇਗ।

(ਕ) ਸ਼ਬਦ ਗਿਣਦੇ ਸਮੇਂ ਪੂਰਣ ਵਿਸ਼ਰਾਮ (1) ਅਤੇ ਪ੍ਰਸ਼ਨ ਚਿੰਨ (?) ਨੂੰ ਸ਼ਬਦਾਂ ਵਿੱਚ ਗਿਣਿਆ ਗਿਆ ਹੈ। ਇਸ ਲਈ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ ਦੀ ਪੂਰੀ ਗਲਤੀ ਗਿਣੀ ਜਾਵੇਗੀ।

(ਖ) ਬਾਕੀ ਵਿਸ਼ਰਾਮ ਚਿੰਨ ਕਾਮਾ (,) ਵਿਸਮਿਕ ਚਿੰਨ (:) ਅਤੇ ਜੋੜਨੀ (-) ਸ਼ਬਦਾਂ ਵਿੱਚ ਨਹੀਂ ਗਿਣੇ ਜਾਣਗੇ। ਇਸ ਲਈ ਇਹਨਾਂ ਵਿਸ਼ਰਾਮ ਚਿੰਨਾਂ ਦੀ ਕੋਈ ਗਲਤੀ ਨਹੀਂ ਹੋਵੇਗੀ।

(ਗ) ਜੇਕਰ ਸ਼ਬਦ ਸਰਸਰੀ ਨਜ਼ਰ ਨਾਲ ਪੜ੍ਹਨ ਯੋਗ ਹੋਵੇ ਤਾਂ ਓਵਰਸਟਰੋਕਿੰਗ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ।

(ਘ) ਗਲਤ ਵਿੱਥ (ਸਪੇਸ) ਛੱਡਣ ਦੀ ਕੋਈ ਗਲਤੀ ਨਹੀਂ ਪਰ ਜੇ ਸ਼ਬਦ ਜੁੜਵੇ ਟਾਈਪ ਹੋਣ ਤਾਂ ਅੱਧੀ ਗਲਤੀ ਹੋਵੇਗੀ।

(ਙ) ਅੱਖਰ ਜਾਂ ਲਗਾ -ਮਾਤਰਾਂ ਲਗਾਉਣ ਤੋਂ ਛੱਡਣ ਨਾਲ ਜੇ ਕਿਸੇ ਸ਼ਬਦ ਦਾ ਅਰਥ ਬਦਲ ਜਾਵੇ ਤਾਂ ਅੱਧੀ ਗਲਤੀ ਮੰਨੀ ਜਾਵੇਗੀ ਅਤੇ ਜੇਕਰ ਕੋਈ ਫਰਕ ਨਾ ਪਵੇ ਤਾਂ ਕੋਈ ਗਲਤੀ ਨਹੀਂ ਹੋਵੇਗੀ।

(ਚ) ਹਰ ਛੱਡੇ ਗਏ ਜਾਂ ਵਾਧੂ ਟਾਈਪ ਕੀਤੇ ਸ਼ਬਦਾਂ ਦੀਆਂ ਗਲਤੀਆਂ ਮੰਨੀਆਂ ਜਾਣਗੀਆਂ।

(ਛ) ਦੋ ਲਗਾ ਮਾਤਰਾਂ ਦੀ ਇਕ ਗਲਤੀ ਮੰਨੀ ਜਾਵੇਗੀ, ਪਰੰਤੂ ਵਿਅੰਜਨ ਦੀ ਗਲਤੀ ਪੂਰੀ ਗਿਣੀ ਜਾਵੇਗੀ।

(ਜ) ਟਾਈਪ ਕਰਦੇ ਸਮੇਂ ਜੋੜ ਵਿਚ ਜੇਕਰ ਕੋਈ ਅੱਖਰ ਪੂਰਾ ਜਾਂ ਅੱਧਾ ਟਾਈਪ ਕੀਤਾ ਗਿਆ ਹੋਵੇ ਤਾਂ ਇਸ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ। ਜਿਵੇਂ ਕਿ ਪ੍ਰੇਮ ਜਾਂ ਪਰੇਮ, ਇਨ੍ਹਾਂ ਜਾਂ ਇਹਨਾਂ, ਪਰੰਤੂ ਜਾ ਪ੍ਰੰਤੂ ਆਦਿ।

(ਝ) ਸ਼ਬਦ ਉਚਾਰਨ ਵਿਚ ਕੋਈ ਮਾਮੂਲੀ ਫਰਕ ਜਿਵੇ ਕਿ ਜਾਂਦੀ ਆਦਿ ਜਾ ਆਂਦੀ, ਉਚਾਰਨ ਕਰਕੇ ਗਲਤੀ ਹੋਵੇ ਤਾ ਗਲਤੀ ਮੰਨੀ ਜਾਵੇਗੀ।

(ਞ) ਪੈਨ ਜਾਂ ਪੈਨਸ਼ਿਲ ਨਾਲ ਕੀਤੀ ਗਈ ਸੋਧ ਗਲਤੀ ਮੰਨੀ ਜਾਵੇਗੀ।

ਜੋ ਪ੍ਰਾਰਥੀ ਪੰਜਾਬੀ ਸ਼ਾਰਟਹੈਂਡ ਦੀ ਪ੍ਰੀਖਿਆ ਪਾਸ ਕਰੇਗਾ ਉਹ ਪ੍ਰਾਰਥੀ ਹੀ ਅੱਗੇ ਅੰਗਰੇਜੀ ਸ਼ਾਰਟਹੈਂਡ ਲਈ ਯੋਗ ਹੋਵੇਗਾ।

## ਅੰਗਰੇਜੀ ਸ਼ਾਰਟਹੈਂਡ

(ੳ) ਪ੍ਰਾਰਥੀ ਨੂੰ 2 ਮਿੰਟਾਂ ਦੀ ਡਿਕਟੇਸ਼ਨ ਪ੍ਰੇਕਟਿਸ ਲਈ ਦਿੱਤੀ ਜਾਵੇਗੀ। ਉਸ ਤੋਂ ਉਪਰੰਤ 5 ਮਿੰਟ ਦੀ ਅੰਗਰੇਜੀ ਸ਼ਾਰਟਹੈਂਡ ਦੀ ਪ੍ਰੀਖਿਆ 50 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਹੋਵੇਗੀ।

(ਅ) ਡਿਕਟੇਸ਼ਨ 200 ਸ਼ਬਦਾਂ ਦੀ ਹੋਵੇਗੀ ਜਿਸ ਨੂੰ 20 ਮਿੰਟਾਂ ਵਿਚ ਟਰਾਂਸਕਰਾਈਬ ਕੀਤਾ ਜਾਵੇਗਾ।

(ੲ) 8% ਗਲਤੀਆਂ ਮਾਫ ਹੋਣਗੀਆਂ।

(ਸ) 8% ਗਲਤੀਆਂ ਤੋ ਵੱਧ ਗਲਤੀਆਂ ਵਾਲਾ ਫੇਲ੍ਹ ਗਿਣਿਆ ਜਾਵੇਗਾ।

(ਹ) ਜੇਕਰ ਕੋਈ ਸ਼ਬਦ ਜਾ ਸਟਰੋਕ ਰਬੜ ਨਾਲ ਠੀਕ ਕੀਤਾ ਹੋਵੇਗਾ ਉਹ ਗਲਤੀ ਹੋਵੇਗੀ।

(ਕ) ਓਵਰ ਰਾਈਟਿੰਗ, ਸਪੈਲਿੰਗ ਦੀ ਗਲਤੀ, ਵਾਧੂ ਟਾਈਪ ਕੀਤੇ ਸ਼ਬਦ, ਪੈਰ੍ਹਾਂ ਨਾਂ ਛੱਡਣਾ ਗਲਤੀਆਂ ਸਮਝੀਆਂ ਜਾਣਗੀਆਂ।

ਜੋ ਪ੍ਰਾਰਥੀ ਅੰਗਰੇਜੀ ਸ਼ਾਰਟਹੈਂਡ ਦੀ ਪ੍ਰੀਖਿਆ ਪਾਸ ਕਰੇਗਾ ਉਹ ਪ੍ਰਾਰਥੀ ਹੀ ਅੱਗੇ ਲਿਖਤੀ ਪ੍ਰੀਖਿਆ ਲਈ ਯੋਗ ਹੋਵੇਗਾ।

## ਅੰਗਰੇਜ਼ੀ ਟਾਈਪ ਟੈਸਟ ਬਾਰੇ:

(ੳ) ਪ੍ਰਾਰਥੀ ਨੂੰ ਦੋ ਜਾਂ ਤਿੰਨ ਮਿੰਟ ਦਾ ਸਮਾਂ ਪਹਿਲਾਂ ਪ੍ਰੈਕਟਿਸ ਕਰਨ ਲਈ ਦਿੱਤਾ ਜਾਵੇਗਾ ਅਤੇ ਉਸ ਤੋਂ ਉਪਰੰਤ 10 ਮਿੰਟਾਂ ਦਾ ਟੈਸਟ ਦਿੱਤਾ ਜਾਵੇਗਾ ਜਿਸ ਵਿਚ ਘੱਟੋ ਘੱਟ 300 ਸ਼ਬਦ ਹੋਣਗੇ।

(ਅ) ਜਿੰਨੀਆਂ ਗਲਤੀਆਂ ਹੋਣਗੀਆਂ ਉਹਨਾਂ ਨੂੰ ਸ਼ਬਦਾ ਵਿਚੋ ਘਟਾਇਆ ਜਾਵੇਗਾ ਅਤੇ 10 ਤੇ ਭਾਗ ਦੇ ਕੇ ਸਹੀ ਸਪੀਡ ਕੱਢੀ ਜਵੇਗੀ।

(ੲ) ਘੱਟੋ ਘੱਟ 30 ਸ਼ਬਦ ਪ੍ਰਤੀ ਮਿੰਟ ਸਪੀਡ ਕੱਢਣ ਵਾਲੇ ਪ੍ਰਾਰਥੀ ਨੂੰ ਪਾਸ ਸਮਝਿਆ ਜਾਵੇਗਾ।

(ਸ) ਸਪੇਸ ਨਾ ਛੱਡਣਾ, ਵਾਧੂ ਟਾਈਪ ਕੀਤੇ ਸ਼ਬਦ, ਦੂਹਰੇ ਟਾਈਪ ਕੀਤੇ ਸ਼ਬਦ, ਪੈਰ੍ਹਾਂ ਨਾ ਛੱਡਣਾ, ਵਿਸ਼ਰਾਮ ਚਿੰਨ, ਕਾਮਾ, ਸੈਮੀਕਾਲਨ ਆਦਿ ਦਾ ਨਾ ਟਾਈਪ ਕਰਨਾ ਗਲਤੀ ਗਿਣੀ ਜਾਵੇਗੀ।

(ਹ) ਹਰ ਇਕ ਗਲਤੀ ਭਾਵੇਂ ਬਾਰ ਬਾਰ ਹੋਵੇ ਗਲਤੀ ਗਿਣੀ ਜਾਵੇਗੀ।

ਜੋ ਪ੍ਰਾਰਥੀ ਅੰਗਰੇਜ਼ੀ ਟਾਈਪ ਦੀ ਪ੍ਰੀਖਿਆ ਪਾਸ ਕਰੇਗਾ ਉਹ ਪ੍ਰਾਰਥੀ ਹੀ ਅੱਗੇ ਪੰਜਾਬੀ ਪ੍ਰੀਖਿਆ ਲਈ ਯੋਗ ਹੋਵੇਗਾ।

## ਪੰਜਾਬੀ ਟਾਈਪ

(ੳ) ਪੰਜਾਬੀ ਟਾਈਪ ਪ੍ਰੀਖਿਆ ਘੱਟੋ ਘੱਟ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨੀ ਲਾਜ਼ਮੀ ਹੈ।

(ਅ) ਪੰਜਾਬੀ ਟਾਈਪ ਦੀ ਪ੍ਰੀਖਿਆ ਲਈ 10 ਮਿੰਟ ਦਾ ਇਕ ਪੈਰ੍ਹਾਂ ਦਿੱਤਾ ਜਾਵੇਗਾ ਜਿਸ ਵਿਚ ਘਟੋ ਘੱਟ 300 ਸ਼ਬਦ ਹੋਣਗੇ।

(ੲ) ਸ਼ਬਦ ਗਿਣਦੇ ਸਮੇਂ ਪੂਰਣ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ ਨੂੰ ਪੂਰਾ ਸ਼ਬਦ ਗਿਣਿਆ ਜਾਵੇਗਾ। ਇਸ ਲਈ ਪੂਰਣ ਵਿਸ਼ਰਾਮ ਅਤੇ ਪ੍ਰਸ਼ਨ ਚਿੰਨ ਛੱਡਣ ਦੀ ਵੀ ਇਕ ਗਲਤੀ ਗਿਣੀ ਜਾਵੇਗੀ।ਕਾਮੇ ਆਦਿ ਦੀ ਕੋਈ ਗਲਤੀ ਨਹੀਂ ਗਿਣੀ ਜਾਵੇਗੀ ਕਿਉਂਕਿ ਸ਼ਬਦ ਗਿਣਦੇ ਸਮੇਂ ਇਨ੍ਹਾਂ ਨੂੰ ਨਹੀਂ ਗਿਣਿਆ ਜਾਂਦਾ।

(ਸ) ਟਾਈਪ ਕੀਤੇ ਕੁੱਲ ਸ਼ਬਦਾਂ ਵਿਚੋ 8% ਗਲਤੀਆਂ ਮਾਫ਼ ਹੋਣਗਿਆ। 8% ਤੋਂ ਵੱਧ ਗਲਤੀਆਂ ਹੋਣ ਦੀ ਸੂਰਤ ਵਿਚ ਉਮੀਦਵਾਰ ਫੇਲ੍ਹ ਸਮਝਿਆ ਜਾਵੇਗਾ।

(ਹ) ਹਰ ਗ਼ਲਤ ਟਾਈਪ ਕੀਤੇ ਗਏ ਸ਼ਬਦ ਦੀ ਇਕ ਗ਼ਲਤੀ ਹੋਵੇਗੀ।

(ਕ) ਪਰਚੇ ਵਿਚ ਪੈਰਾ ਛੱਡਿਆ ਗਿਆ ਹੋਵੇ, ਪਰ ਉਮੀਦਵਾਰ ਪੈਰ੍ਹਾਂ ਨਾ ਛੱਡੇ ਤਾਂ ਇਕ ਗਲਤੀ ਗਿਣੀ ਜਾਵੇਗੀ।

(ਖ) ਬਿੰਦੀ ਅਤੇ ਲਗਾ-ਮਾਤਰਾ ਦੀ ਉਲੰਘਣਾ ਕਰਨ ਦੀ ਪੂਰੀ ਗਲਤੀ ਮੰਨੀ ਜਾਵੇਗੀ।

(ਗ) ਜੇਕਰ ਕੋਈ ਸ਼ਬਦ ਟਾਈਪ ਕਰਨ ਤੋਂ ਰਹਿ ਜਾਵੇ ਤਾਂ ਉਹ ਗਲਤੀ ਮੰਨੀ ਜਵੇਗੀ।

(ਘ) ਪੈਨ ਜਾਂ ਪੈਨਸਲ ਨਾਲ ਕੀਤੀ ਹੋਈ ਸੋਧ ਗਲਤੀ ਮੰਨੀ ਜਾਵੇਗੀ।

(ਙ) ਗ਼ਲਤ ਸਪੇਸ ਛੱਡਣ ਦੀ ਕੋਈ ਗਲਤੀ ਨਹੀਂ, ਪਰ ਜੁੜਵੇਂ ਸ਼ਬਦ ਟਾਈਪ ਕੀਤੇ ਹੋਣ ’ਤੇ ਪੂਰੀ ਗਲਤੀ ਮੰਨੀ ਹੋਵੇਗੀ।

(ਚ) ਜਿਹੜੇ ਸ਼ਬਦ ਸ਼ਿਫਟ ਦਵਾਓਣ ਕਰਕੇ ਕੁਝ ਕੁ ਉਪਰ-ਥੱਲੇ ਟਾਈਪ ਹੋ ਜਾਣ, ਪ੍ਰੰਤੂ ਸਰਸਰੀ ਨਜ਼ਰ ਨਾਲ ਪੜ੍ਹਨ ਯੋਗ ਹੋਣ ਉਹ ਗਲਤੀ ਨਹੀਂ ਹੋਵਗੀ।

(ਛ) ਸ਼ਬਦ ਗਿਣਦੇ ਸਮੇਂ ਗਿਣਤੀ ਸਟਰੋਕਾਂ ਦੀ ਥਾਂ ਸ਼ਬਦਾਂ ਦੀ ਹੀ ਕੀਤੀ ਜਾਵੇਗੀ।

ਜੋ ਪ੍ਰਾਰਥੀ ਪੰਜਾਬੀ ਟਾਈਪ ਦੀ ਪ੍ਰੀਖਿਆ ਪਾਸ ਕਰੇਗਾ ਉਹ ਪ੍ਰਾਰਥੀ ਹੀ ਅੱਗੇ ਲਿਖਤੀ ਪ੍ਰੀਖਿਆ ਲਈ ਯੋਗ ਹੋਵੇਗਾ।